## 6

# ਪ੍ਰਮੇਸ਼ਵਰ ਮਨੁੱਖ ਬਣਿਆ

ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ (ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ) ਸਾਨੂੰ ਹੁਣ ਤਕ ਦੀ ਸਭ ਤੋਂ ਅਚਰਜ ਕਹਾਣੀ ਦੱਸਦੀਆਂ ਹਨ। ਇਹ ਕਿਤਾਬਾਂ ਸਾਡੇ ਉੱਤੇ ਜ਼ਾਹਰ ਕਰਦੀਆਂ ਹਨ ਕਿ ਕਿਵੇਂ ਪ੍ਰਮੇਸ਼ਵਰ ਮਨੁੱਖ ਬਣਿਆ। ਇਨ੍ਹਾਂ ਕਿਤਾਬਾਂ ਤੋਂ ਪਤਾ ਲਗਦਾ ਹੈ ਕਿ ਯਿਸੂ ਮਸੀਹ ਅਰਥਾਤ ਪ੍ਰਮੇਸ਼ਵਰ ਦਾ ਪੁੱਤਰ ਇਕ ਮਨੁੱਖ ਬਣ ਕੇ ਸੰਸਾਰ ਵਿਚ ਆਇਆ, ਸਾਡੇ ਪਾਪਾਂ ਲਈ ਮਰਿਆ ਅਤੇ ਉਨ੍ਹਾਂ ਲਈ ਜੋ ਉਹਨੂੰ ਕਬੂਲ ਕਰਦੇ ਹਨ ਪਾਪਾਂ ਦੀ ਮਾਫ਼ੀ ਅਤੇ ਹਮੇਸ਼ਾ ਦੀ ਜ਼ਿੰਦਗੀ ਮੁਹੱਈਆ ਕਰਾਉਂਦਾ ਹੈ।

ਨਵਾਂ ਨੇਮ ਇਤਿਹਾਸ ਦੀ ਕਿਤਾਬ ਹੋਣ ਦੀ ਬਜਾਏ ਮੁਕਤੀ ਦਾ ਇਕ ਅਧਿਐਨ ਅਰਥਾਤ ਇਸ ਗੱਲ ਦਾ ਸਾਰ ਹੈ ਕਿ ਕਿਵੇਂ ਪ੍ਰਮੇਸ਼ਵਰ ਦਾ ਇਲਾਹੀ ਪੁੱਤਰ ਸਾਨੂੰ ਬਚਾਉਣ ਲਈ ਸਾਡੇ ਵਰਗਾ ਬਣਿਆ। ਇਸ ਲਈ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਸਿਰਫ਼ ਪ੍ਰਭੂ ਦੀ ਜ਼ਿੰਦਗੀ ਦਾ ਅਧਿਐਨ ਹੀ ਨਹੀਂ ਹਨ। ਉਹ ਜ਼ਿਆਦਾਤਰ ਮਿਸ਼ਨਰੀ ਪੈਗ਼ਾਮਾਂ ਵਾਂਗ ਹਨ। ਇਨ੍ਹਾਂ ਕਿਤਾਬਾਂ ਤੋਂ ਸਾਨੂੰ ਮਨੁੱਖ ਦੀ ਮੁਕਤੀ ਨਾਲ ਜੁੜੀਆਂ ਮੁੱਖ ਘਟਨਾਵਾਂ ਦੱਸਦਿਆਂ ''ਚੋਣਵਾਂ ਇਤਿਹਾਸ'' ਮਿਲਦਾ ਹੈ। ਇਸ ਲਈ ਯੂਹੰਨਾ 21:25 ਕਹਿੰਦਾ ਹੈ, ''ਅਤੇ ਹੋਰ ਵੀ ਢੇਰ ਸਾਰੇ ਕੰਮ ਹਨ ਜਿਹੜੇ ਯਿਸੂ ਨੇ ਕੀਤੇ। ਜੇ ਉਹ ਸੱਭੇ ਇਕ ਇਕ ਕਰਕੇ ਲਿਖੇ ਜਾਂਦੇ ਤਾਂ ਮੈਂ ਸਮਝਦਾ ਹਾਂ ਭਈ ਜਿਹੜੀਆਂ ਪੁਸਤਕਾਂ ਲਿਖੀਆਂ ਜਾਂਦੀਆਂ ਉਹ ਜਗਤ ਵਿਚ ਵੀ ਨਾ ਸਮਾਉਂਦੀਆਂ।''

ਯਿਸੂ ਦੁਆਰਾ ਸਾਡੇ ਬਚਾਏ ਜਾਣ ਲਈ ਕੀਤੀਆਂ ਉਹ ਕਿਹੜੀਆਂ ਮੁੱਖ ਗੱਲਾਂ ਹਨ ਜੋ ਨਵੇਂ ਨੇਮ ਵਿਚ ਦੱਸੀਆਂ ਗਈਆਂ ਹਨ? ਯਿਸੂ ਮਸੀਹ ਦੀ ਸੱਚਾਈ ਕੀ ਹੈ?

## ਯਿਸੂ ਪ੍ਰਮੇਸ਼ਵਰ ਸੀ ਅਤੇ ਹੈ

ਯਿਸੂ ਬਾਰੇ ਪਹਿਲੀ ਸੱਚਾਈ ਸਾਨੂੰ ਇਹ ਮੰਨਣੀ ਪਵੇਗੀ ਕਿ ਉਹ ਪ੍ਰਮੇਸ਼ਵਰ ਸੀ ਅਤੇ ਹੈ ਵੀ।

ਕੀ ਉਹਦਾ ਜਨਮ ਉਹਦੇ ਵਜੂਦ ਦਾ ਆਰੰਭ ਸੀ? ਨਹੀਂ। ਬੈਤਲਹਮ ਵਿਚ ਸਾਡੇ ਪ੍ਰਭੂ ਦਾ ਜਨਮ ਉਹਦੀ ਹੋਂਦ ਦੀ ਸ਼ੁਰੂਆਤ ਨਹੀਂ ਸੀ। ਉਹਦਾ ਜਨਮ ਤਾਂ ਮਨੁੱਖ ਬਣਨ ਲਈ ਅਤੇ ਮਨੁੱਖੀ ਰੂਪ ਧਾਰਣ ਕਰਨ ਲਈ ਹੀ ਸੀ।

''ਪ੍ਰਮੇਸ਼ਵਰ'' ਕੁਝ ਕੁਝ ਪਰਿਵਾਰਿਕ ਨਾਮ ਵਾਂਗ ਹੈ। ਤੁਹਾਡੇ ਪਰਿਵਾਰਿਕ ਨਾਮ ਤੋਂ ਤੁਹਾਡੇ ਪਰਿਵਾਰ ਦੇ ਹੋਰ ਜੀਆਂ ਨਾਲ ਤੁਹਾਡੀ ਪਛਾਣ ਹੁੰਦੀ ਹੈ। ਇਹ ਉਹ ਕੜੀ ਹੈ ਜਿਸ ਨਾਲ ਪਰਿਵਾਰ ਦਾ ਹਰ ਜੀਅ ਇਕ ਇਕਾਈ ਵਿਚ ਜੁੜ ਜਾਂਦਾ ਹੈ। ਇਸੇ ਤਰ੍ਹਾਂ, ''ਪ੍ਰਮੇਸ਼ਵਰ''

ਇਕ ਪਰਵਾਰਿਕ ਨਾਮ ਹੈ। ਬਾਈਬਲ ਸਾਨੂੰ ਪ੍ਰਮੇਸ਼ਵਰ ਪਿਤਾ, ਪ੍ਰਮੇਸ਼ਵਰ ਪੁੱਤਰ ਅਤੇ ਪ੍ਰਮੇਸ਼ਵਰ ਆਤਮਾ ਬਾਰੇ ਦੱਸਦੀ ਹੈ। ਇਸ ਖ਼ੁਦਾਈ ਦਾ ਦੂਜਾ ਜੀਅ ਅਰਥਾਤ ਯਿਸੂ, ਸਾਡੇ ਲਈ ਮਨੁੱਖ ਬਣਿਆ।

ਇਕ ਪੈਰ੍ਹਾ ਜੋ ਸਾਫ਼ ਤੌਰ ਤੇ ਐਲਾਨ ਕਰਦਾ ਹੈ ਕਿ ਯਿਸੂ ਅਨਾਦੀ ਪ੍ਰਮੇਸ਼ਵਰ ਹੈ, ਯੂਹੰਨਾ 1:1-5 ਹੈ।[1] ਯੂਹੰਨਾ ਨੇ ਕਿਹਾ ਕਿ ਯਿਸੂ ਪ੍ਰਮੇਸ਼ਵਰ ਹੈ ਅਤੇ ਸਦਾ ਤੋਂ ਪ੍ਰਮੇਸ਼ਵਰ ਹੈ।

> ਆਦਿ ਵਿਚ ਸ਼ਬਦ ਸੀ[2] ਅਰ ਸ਼ਬਦ ਪ੍ਰਮੇਸ਼ਵਰ ਦੇ ਸੰਗ ਸੀ ਅਤੇ ਸ਼ਬਦ ਪ੍ਰਮੇਸ਼ਵਰ ਸੀ। ਇਹੋ ਆਦਿ ਵਿਚ ਪ੍ਰਮੇਸ਼ਵਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੁ ਭੀ ਉਸ ਤੋਂ ਬਿਨਾਂ ਨਹੀਂ ਰਚੀ ਗਈ। ਉਸ ਵਿਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ। ਉਹ ਚਾਨਣ ਅਨ੍ਹੇਰੇ ਵਿਚ ਚਮਕਦਾ ਹੈ ਪਰ ਅਨ੍ਹੇਰੇ ਨੇ ਉਹਨੂੰ ਨਾ ਬੁਝਾਇਆ।

ਇਸ ਪੈਰ੍ਹੇ ਵਿੱਚੋਂ ਮਿਲਣ ਵਾਲੀਆਂ ਚਾਰ ਮਹਾਨ ਸੱਚਿਆਈਆਂ ਤੇ ਸਾਨੂੰ ਵਿਚਾਰ ਕਰਨ ਦੀ ਲੋੜ ਹੈ:

(1) ਅਸੀਂ ਵੇਖਦੇ ਹਾਂ ਕਿ ਯਿਸੂ ਸ੍ਰਿਸ਼ਟੀ ਨਹੀਂ ਸੀ। ਜੇ ਯਿਸੂ ਦਾ ਪਹਿਲਾਂ ਤੋਂ ਹੀ ਵਜੂਦ ਨਹੀਂ ਸੀ ਤਾਂ ਉਹ ਮਨੁੱਖ ਕਿਵੇਂ ਬਣ ਸਕਿਆ? ਕਿਸੇ ਵੀ ਹੋਰ ਇਨਸਾਨ ਦੀ ਸ਼ੁਰੂਆਤ ਉਸਦੇ ਜਨਮ ਨਾਲ ਹੀ ਹੁੰਦੀ ਹੈ। ਜਾਂ ਇਹ ਕਹੋ ਕਿ ਉਸਦੀ ਹੋਂਦ ਗਰਭ ਵਿਚ ਪੈਣ ਤੋਂ ਪਹਿਲਾਂ ਨਹੀਂ ਸੀ, ਪਰ ਯਿਸੂ ਲਈ ਅਸੀਂ ਕਹਿ ਸਕਦੇ ਹਾਂ ਕਿ ਉਹ ਪਹਿਲਾਂ ਤੋਂ ਸੀ। ਉਹ ਜਨਮ ਲੈਕੇ ਜਾਂ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਹੀ ਪ੍ਰਮੇਸ਼ਵਰ ਦਾ ਪੁੱਤਰ ਨਹੀਂ ਬਣਿਆ। ਉਹ ਤਾਂ ਪ੍ਰਮੇਸ਼ਵਰ ਅਰਥਾਤ ਸਰਵ-ਉੱਚ ਹੈ ਜਿਸਦਾ ਕੋਈ ਆਦਿ ਨਹੀਂ ਹੈ। ਉਹ ਸਦਾ ਤੋਂ ਹੈ ਅਤੇ ਸਦਾ ਤਕ ਰਹੇਗਾ।

ਉਸ ਨੇ ਉਸ ਵਡਿਆਈ ਦੀ ਗੱਲ ਕੀਤੀ ਜਿਹੜੀ ਜਗਤ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਪਿਤਾ ਨਾਲ ਉਸ ਦੀ ਸੀ (ਯੂਹੰਨਾ 17:5)। ਉਸ ਨੇ ਕਿਹਾ, ‘‘... ਮੈਂ ਪਿਤਾ ਦੀ ਵੱਲੋਂ ਆਇਆ। ਮੈਂ ਪਿਤਾ ਵਿੱਚੋਂ ਨਿੱਕਲ ਕੇ ਜਗਤ ਵਿਚ ਆਇਆ ਹਾਂ ...’’ (ਯੂਹੰਨਾ 16:27, 28)। ਉਸ ਨੇ ਇਹ ਵੀ ਕਿਹਾ, ‘‘ਕਿਉਂਕਿ ਤੈਂ ਮੇਰੇ ਨਾਲ ਜਗਤ ਦੀ ਨੀਂਹ ਧਰਨ ਤੋਂ ਅੱਗੇ ਹੀ ਪਿਆਰ ਕੀਤਾ’’ (ਯੂਹੰਨਾ 17:24)। ਬਾਕੀ ਹਰ ਇਨਸਾਨ ਨੇ ਸਰੀਰਕ ਜਨਮ ਦੇ ਰਾਹੀਂ ਜੀਵਨ ਪਾਇਆ, ਪਰ ਯਿਸੂ ਦੇ ਨਾ ਦਿਨਾਂ ਦਾ ਆਦਿ ਸੀ ਅਤੇ ਨਾ ਹੀ ਜੀਵਨ ਦਾ ਅੰਤ (ਇਬਰਾਨੀਆਂ 7:3)। ਉਹ ਹਰ ਪੱਖੋਂ ਅਨਾਦੀ ਅਤੇ ਪੂਰਣ ਪ੍ਰਮੇਸ਼ਵਰ ਸੀ।

ਸਾਡੇ ਉਲਟ, ਉਸ ਨੇ ਪੈਦਾ ਹੋਣ ਅਤੇ ਜੀਵਨ ਦੇ ਅਨੁਭਵ ਵਿਚ ਪ੍ਰਵੇਸ਼ ਹੋਣ ਨੂੰ ਆਪਣੀ ਮਰਜ਼ੀ ਨਾਲ ਚੁਣਿਆ। ਧਰਤੀ ਉੱਤੇ ਆਪਣੇ ਜੀਵਨ ਦੌਰਾਨ, ਉਸ ਨੇ ਆਪਣੇ ਰੱਬੀ ਸੁਭਾਅ ਨੂੰ ਇਕ ਪਾਸੇ ਨਹੀਂ ਰੱਖਿਆ, ਪਰ ਉਸ ਨੇ ਪ੍ਰਮੇਸ਼ਵਰ ਦੇ ਰੂਪ ਵਿਚ ਆਪਣੀਆਂ ਯੋਗਤਾਵਾਂ ਦੀ ਵਰਤੋਂ ਨੂੰ ਆਪਣੀ ਮਰਜ਼ੀ ਨਾਲ ਤਿਆਗ ਦਿੱਤਾ। ਕਿਸੇ ਵੀ ਵੇਲੇ, ਉਹ ਆਪਣੀ ਕਿਸੇ ਵੀ ਰੱਬੀ ਸ਼ਕਤੀ ਨੂੰ ਵਾਪਸ ਲੈ ਸਕਦਾ ਸੀ ਜਾਂ ਆਪਣੀ ਰੱਬੀ ਪਸੰਦ ਦੀ ਵਰਤੋਂ ਕਰ ਸਕਦਾ ਸੀ (ਫ਼ਿਲਿੱਪੀਆਂ 2:6)।

(2) ਅਸੀਂ ਵੇਖਦੇ ਹਾਂ ਕਿ ਪ੍ਰਮੇਸ਼ਵਰ ਨੇ ਯਿਸੂ ਦੇ ਰਾਹੀਂ ਸੰਸਾਰ ਨੂੰ ਬਣਾਇਆ। ਇਸ ਸੰਸਾਰ ਦਾ ਅਸਲ ਪ੍ਰਭੂ ਉਹੀ ਹੈ। 1 ਕੁਰਿੰਥੀਆਂ 8:6 ਕਹਿੰਦਾ ਹੈ: ‘‘ਪਰ ਸਾਡੇ ਭਾਣੇ ਇੱਕੋ

ਪ੍ਰਮੇਸ਼ਵਰ ਹੈ ਜੋ ਪਿਤਾ ਹੈ ਜਿਸ ਤੋਂ ਸੱਭੋ ਕੁਝ ਹੋਇਆ ਹੈ ਅਤੇ ਅਸੀਂ ਉਹ ਦੇ ਲਈ ਹਾਂ, ਪਰ ਇੱਕੋ ਪ੍ਰਭੂ ਹੈ ਜੋ ਯਿਸੂ ਮਸੀਹ ਹੈ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਨਾਲੇ ਅਸੀਂ ਵੀ।'' ਕੁਲੁੱਸੀਆਂ 1:16 ਵਿਚ ਵੀ ਕਿਹਾ ਗਿਆ ਹੈ: ''ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਉਤਪਨ ਹੋਈਆਂ, ਨਾਲੇ ਦਿਸਣ ਵਾਲੀਆਂ, ਨਾਲੇ ਨਾ ਦਿਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ, ਸੱਭੋ ਕੁਝ ਉਸ ਦੇ ਰਾਹੀਂ ਅਤੇ ਓਸੇ ਦੇ ਲਈ ਉਤਪਨ ਹੋਇਆ ਹੈ।''

(3) ਅਸੀਂ ਵੇਖਦੇ ਹਾਂ ਕਿ ਯਿਸੂ ਉਨ੍ਹਾਂ ਨੂੰ ਜਿਹੜੇ ਜੀਉਂਦੇ ਹਨ ਜ਼ਿੰਦਗੀ ਦਿੰਦਾ ਹੈ ਅਤੇ ਮੁਰਦਿਆਂ ਨੂੰ ਜਿਵਾ ਸਕਦਾ ਹੈ (ਦੇਖੋ ਯੂਹੰਨਾ 11:25)। ਉਹ ਜੀਵਨ ਦਾ ਦਾਤਾ ਹੈ।

(4) ਇਹ ਨਿਚੋੜ ਕੱਢਣਾ ਪਵੇਗਾ ਕਿ ਉਹ ਜ਼ਿੰਦਗੀ ਅਤੇ ਮੌਤ ਦੋਹਾਂ ਦਾ ਪ੍ਰਭੂ ਹੈ। ਉਸ ਨੇ ਸਭ ਕੁਝ ਬਣਾਇਆ ਅਤੇ ਹਰ ਚੀਜ਼ ਨੂੰ ਕਾਇਮ ਰੱਖਦਾ ਹੈ, ਜੀਵਨ ਦਿੰਦਾ ਅਤੇ ਮੌਤ ਤੇ ਇਖ਼ਤਿਆਰ ਰੱਖਦਾ ਹੈ।

ਭਲਾ ਅਸੀਂ ਧਰਤੀ ਤੇ ਆਪਣੇ ਪ੍ਰਭੂ ਦੀ ਸੇਵਕਾਈ ਦੀ ਹਰ ਗੱਲ ਨੂੰ ਸਮਝ ਸਕਦੇ ਹਾਂ? ਬੇਸ਼ੱਕ, ਅਸੀਂ ਉਸਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ। ਮਨੁੱਖ ਪ੍ਰਮੇਸ਼ਵਰ ਨੂੰ ਪੂਰੀ ਤਰ੍ਹਾਂ ਕਿਵੇਂ ਸਮਝ ਸਕਦਾ ਹੈ? ਕਿਸੇ ਸੱਚਾਈ ਤੇ ਯਕੀਨ ਕਰਨ ਲਈ ਉਹਦੀ ਸਮਝ ਹੋਣਾ ਜ਼ਰੂਰੀ ਨਹੀਂ ਹੈ। ਮੈਨੂੰ ਇਹ ਸਮਝ ਤਾਂ ਨਹੀਂ ਆਉਂਦਾ ਕਿ ਪ੍ਰਮੇਸ਼ਵਰ ਨੇ ਧਰਤੀ ਨੂੰ ਕਿਵੇਂ ਬਣਾਇਆ ਹੋਵੇਗਾ ਪਰ ਮੈਂ ਮੰਨਦਾ ਹਾਂ ਕਿ ਇਸ ਨੂੰ ਉਸੇ ਨੇ ਬਣਾਇਆ ਹੈ। ਮੈਨੂੰ ਇਹ ਸਮਝ ਤਾਂ ਨਹੀਂ ਆਉਂਦਾ ਕਿ ਯਿਸੂ ਮੁਰਦਿਆਂ ਵਿੱਚੋਂ ਜ਼ਿੰਦਾ ਕਿਵੇਂ ਹੋਇਆ ਹੋਵੇਗਾ, ਪਰ ਮੈਂ ਮੰਨਦਾ ਹਾਂ ਕਿ ਉਹ ਜੀ ਉੱਠਿਆ। ਇਸੇ ਤਰ੍ਹਾਂ ਮੈਨੂੰ ਇਹ ਸਮਝ ਤਾਂ ਨਹੀਂ ਆਉਂਦਾ ਕਿ ਪ੍ਰਮੇਸ਼ਵਰ ਅਰਥਾਤ ਯਿਸੂ ਮਸੀਹ ਮਨੁੱਖ ਕਿਵੇਂ ਬਣ ਸਕਿਆ ਪਰ ਮੈਂ ਮੰਨਦਾ ਹਾਂ ਕਿ ਉਹ ਮਨੁੱਖ ਬਣਿਆ।

## ਪ੍ਰਮੇਸ਼ਵਰ ਦਾ ਪੁੱਤਰ, ਯਿਸੂ, ਮਨੁੱਖ ਬਣਿਆ

ਯਿਸੂ ਦੀ ਅਗਲੀ ਸੱਚਾਈ ਜਿਸ ਉੱਤੇ ਵਿਚਾਰ ਕਰਨਾ ਸਾਡੇ ਲਈ ਜ਼ਰੂਰੀ ਹੈ ਉਹ ਇਹ ਹੈ ਕਿ ਉਹ ਪੂਰਣ ਮਨੁੱਖ ਬਣਿਆ। ਆਓ ਆਪਣੇ ਦਿਮਾਗ਼ ਵਿਚ ਇਸ ਸਚਿਆਈ ਨੂੰ ਵੜਨ ਦੇਈਏ ਕਿ ਪ੍ਰਮੇਸ਼ਵਰ ਦਾ ਪੁੱਤਰ ਯਿਸੂ ਦੇਹਧਾਰੀ ਹੋਇਆ ਸੀ। ਯਿਸੂ, ਪ੍ਰਮੇਸ਼ਵਰ ਦਾ ਪੁੱਤਰ ਸੀ, ਹੈ ਅਤੇ ਹਮੇਸ਼ਾ ਰਹੇਗਾ; ਪਰ ਜਨਮ ਲੈ ਕੇ ਉਹ ਮਨੁੱਖ ਦਾ ਪੁੱਤਰ ਬਣ ਗਿਆ।

ਪੌਲੁਸ ਨੇ ਬਿਆਨ ਕੀਤਾ ਹੈ ਕਿ ਧਰਤੀ ਤੇ ਆਉਣ ਲਈ ਯਿਸੂ ਨੇ ਸਵਰਗ ਨੂੰ ਕਿਵੇਂ ਛੱਡਿਆ (ਫ਼ਿਲਿੱਪੀਆਂ 2:5-8)। ਧਿਆਨ ਦਿਓ ਕਿ ਯਿਸੂ ਸਵਰਗ ਤੋਂ ਹੇਠਾਂ ਕਿਵੇਂ ਆਇਆ।

ਪਹਿਲਾਂ ਤਾਂ, ਉਹਨੇ ਸਵਰਗ ਨੂੰ ਛੱਡਿਆ। ਉਹਨੇ ਆਪਣੇ ਪਿਤਾ ਦੀ ਹਜ਼ੂਰੀ ਦੀ ਭਰਪੂਰੀ ਦਾ ਮੋਹ ਛੱਡਿਆ। ਉਹਨੇ ਉਹ ਸਥਾਨ ਛੱਡਿਆ ਜਿੱਥੇ ਕੋਈ ਨਫ਼ਰਤ ਨਹੀਂ ਸੀ ਯਾਨੀ ਅਜਿਹਾ ਥਾਂ ਜੋ ਈਰਖਾ, ਹਸਦ ਅਤੇ ਸ਼ੱਕ ਤੋਂ ਰਹਿਤ ਸੀ। ਉਸ ਨੇ ਸਵਰਗ ਦੀ ਖ਼ੂਬਸੂਰਤ ਸੰਗਤੀ ਭਾਵ ਅਜਿਹੇ ਸਥਾਨ ਨੂੰ ਛੱਡਿਆ ਜਿੱਥੇ ਮੱਤਭੇਦ, ਝਗੜੇ ਜਾਂ ਬਹਿਸਾਂ ਨਹੀਂ ਸਨ ਯਾਨੀ ਇਕ ਅਜਿਹੀ ਥਾਂ ਜੋ ਗ਼ਲਤਫ਼ਹਿਮੀ ਜਾਂ ਪਰੇਸ਼ਾਨੀ ਤੋਂ ਰਹਿਤ ਸੀ। ਉਸਨੇ ਅਜਿਹੀ ਥਾਂ ਨੂੰ ਛੱਡਣਾ ਚੁਣਿਆ ਜਿੱਥੇ ਧਨ ਦੀ ਕੋਈ ਕਮੀ ਨਹੀਂ ਸੀ, ਕੋਈ ਗ਼ਰੀਬੀ ਨਹੀਂ ਸੀ, ਅਤੇ ਜਿੱਥੇ ਕਦੇ ਭੁੱਖ ਜਾਂ ਪਿਆਸ ਨਹੀਂ ਸੀ।

ਦੂਜਾ, ਉਹ ਮਨੁੱਖ ਬਣਿਆ। ਉਹਦਾ ਜਨਮ ਉਹਦੇ (ਵਜੂਦ) ਹੋਂਦ ਦੀ ਸ਼ੁਰੂਆਤ ਨਹੀਂ ਸੀ, ਸਗੋਂ ਮਨੁੱਖ ਦੇ ਰੂਪ ਵਿਚ ਸਮੇਂ ਦੇ ਮੰਚ ਤੇ ਉਹਦੀ ਮੌਜੂਦਗੀ ਹੀ ਸੀ। ਯਿਸੂ ਅਨਾਦੀਕਾਲ ਅਤੇ ਸਮੇਂ ਦੇ ਮਿਲਣ ਦਾ ਥਾਂ ਭਾਵ ਪ੍ਰਮੇਸ਼ਵਰ ਅਤੇ ਮਨੁੱਖਤਾ ਦਾ ਸੰਪੂਰਣ ਮੇਲ, ਸਵਰਗ ਤੇ

ਧਰਤੀ ਦਾ ਸੰਗਮ ਸੀ। ਉਹ ਸਿਰਫ਼ ਜਨਮ ਲੈਣ ਲਈ ਹੀ ਨਹੀਂ ਸਗੋਂ ਪੂਰਣ ਮਨੁੱਖ ਬਣਨ ਲਈ ਰਾਜ਼ੀ ਹੋਇਆ ਤਾਂ ਜੋ ਉਹ ਸਾਡੇ ਲਈ ਮਰ ਸਕੇ। ਉਹ ਪ੍ਰਮੇਸ਼ਵਰ ਸੀ, ਪਰ ਮਨੁੱਖ ਬਣਿਆ। ਉਹ ਪ੍ਰਮੇਸ਼ਵਰ ਦਾ ਪੁੱਤਰ ਸੀ ਪਰ ਮਨੁੱਖ ਦਾ ਪੁੱਤਰ ਬਣ ਗਿਆ।[3]

ਮਸੀਹੀਅਤ ਦੀ ਇਹ ਬਹੁਤ ਵੱਡੀ ਹਕੀਕਤ ਹੈ। ਜੇ ਤੁਸੀਂ ਇਸ ਸੱਚਾਈ ਤੇ ਯਕੀਨ ਕਰ ਸਕਦੇ ਹੋ, ਤਾਂ ਤੁਸੀਂ ਮਸੀਹੀਅਤ ਦੀ ਹਰ ਸੱਚਾਈ ਤੇ ਯਕੀਨ ਕਰ ਸਕਦੇ ਹੋ। ਹਾਂ ਮਸੀਹੀਅਤ ਦਾ ਉਲਝਾਉਣ ਵਾਲਾ ਸੱਚ ਇਹ ਹੈ ਕਿ ਯਿਸੂ ਨਾਸਰੀ ਮਨੁੱਖ ਦੇ ਰੂਪ ਵਿਚ ਪ੍ਰਮੇਸ਼ਵਰ ਸੀ-ਜਿਸਨੇ ਪ੍ਰਮੇਸ਼ਵਰ ਰਹਿੰਦਿਆਂ ਹੋਇਆਂ ਮਨੁੱਖ ਦਾ ਰੂਪ ਧਾਰਿਆ ਸੀ, ਕਿ ਜਿਵੇਂ ਉਹ ਪੂਰਣ ਮਨੁੱਖ ਸੀ ਉਵੇਂ ਹੀ ਪੂਰਣ ਪ੍ਰਮੇਸ਼ਵਰ ਵੀ ਸੀ। ਜੇ ਕੋਈ ਮਸੀਹੀਅਤ ਦੀ ਇਸ ਗੱਲ ਨੂੰ ਮੰਨ ਸਕਦਾ ਹੈ ਤਾਂ ਉਹਦੇ ਲਈ ਬਾਕੀ ਦੀਆਂ ਗੱਲਾਂ ਤੇ ਵਿਸ਼ਵਾਸ ਕਰਨਾ ਔਖਾ ਨਹੀਂ ਹੁੰਦਾ।

ਯੂਹੰਨਾ ਨੇ ਲਿਖਿਆ ਹੈ ਕਿ ''ਸ਼ਬਦ ਦੇਹਧਾਰੀ ਹੋਇਆ ਅਤੇ ... ਸਚਿਆਈ ਨਾਲ ਸਾਡੇ ਵਿਚ ਵਾਸ ਕੀਤਾ'' (ਯੂਹੰਨਾ 1:14)। ਦੂਜੇ ਸ਼ਬਦਾਂ ਵਿਚ ਪ੍ਰਮੇਸ਼ਵਰ ਮਨੁੱਖ ਬਣਿਆ; ਪ੍ਰਮੇਸ਼ਵਰ ਪੁੱਤਰ ਇਕ ਯਹੂਦੀ ਬਣਿਆ; ਸਰਵ ਸ਼ਕਤੀਮਾਨ ਇਕ ਬੇਵੱਸ ਬਾਲਕ ਦੇ ਰੂਪ ਵਿਚ ਧਰਤੀ ਤੇ ਪ੍ਰਗਟ ਹੋਇਆ, ਜੋ ਆਪਣੇ ਬਿਸਤਰੇ ਤੇ ਲੇਟਣ, ਇਕ ਟੱਕ ਵੇਖਣ, ਪਲਸੇਟੇ ਮਾਰਨ ਅਤੇ ਰੌਲਾ ਪਾਉਣ ਦੇ ਸਿਵਾਏ ਹੋਰ ਕੁਝ ਨਹੀਂ ਕਰ ਸਕਦਾ ਸੀ। ਉਹਨੂੰ ਦੂਜੇ ਬੱਚਿਆਂ ਵਾਂਗ ਦੁੱਧ ਪਿਆਉਣ ਦੀ, ਲੰਗੋਟ ਬਦਲਣ ਦੀ ਅਤੇ ਬੋਲਣਾ ਸਿਖਾਉਣ ਦੀ ਲੋੜ ਸੀ। ਇਹ ਕੋਈ ਦ੍ਰਿਸ਼ਟੀ ਭਰਮ ਜਾਂ ਵਹਿਮ ਨਹੀਂ ਸੀ; ਪ੍ਰਮੇਸ਼ਵਰ ਦੇ ਪੁੱਤਰ ਦਾ ਬਚਪਨ ਇਕ ਯਥਾਰਥ ਸੀ। ਜਿੰਨਾ ਤੁਸੀਂ ਇਸ ਤੇ ਵਿਚਾਰ ਕਰੋਗੇ, ਓਨਾ ਹੀ ਤੁਸੀਂ ਹੈਰਾਨ ਹੁੰਦੇ ਜਾਓਗੇ। ਯਿਸੂ ਦੇ ਦੇਹਧਾਰੀ ਹੋਣ ਵਿਚ ਲੋਕਾਂ ਦੇ ਅਵਿਸ਼ਵਾਸ ਜਾਂ ਨਾਕਾਫ਼ੀ ਵਿਸ਼ਵਾਸ ਦੇ ਕਾਰਣ ਹੀ ਇੰਜੀਲ ਦੀਆਂ ਹੋਰ ਸੱਚਾਈਆਂ ਮੰਨਣ ਵਿਚ ਮੁਸ਼ਕਿਲ ਆਉਂਦੀ ਹੈ। ਇਕ ਵਾਰ ਉਸ ਦੇ ਦੇਹਧਾਰੀ ਹੋਣ ਦੀ ਸੱਚਾਈ ਨੂੰ ਕਬੂਲ ਕਰਨ ਦੇ ਬਾਅਦ ਹੋਰ ਸਾਰੀਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ।[4]

ਤੀਜਾ, ਉਹ ਲੋਕਾਂ ਦਾ ਦਾਸ ਬਣਿਆ। ਉਹ ਰਾਜੇ ਵਾਂਗ ਮਹਿਲ ਵਿਚ ਨਹੀਂ, ਸਗੋਂ ਦਾਸ ਵਾਂਗ ਤੰਗੀ ਵਿਚ ਰਿਹਾ। ਉਹ ਸਾਨੂੰ ਵਿਖਾਉਣ ਆਇਆ ਕਿ ਪ੍ਰਮੇਸ਼ਵਰ ਕਿਹੋ ਜਿਹਾ ਹੈ ਅਤੇ ਸੱਚੀ ਇਨਸਾਨੀਅਤ ਕੀ ਹੈ (ਮਰਕੁਸ 10:45)।

ਚੌਥਾ, ਉਸ ਨੇ ਆਪਣੇ ਆਪ ਨੂੰ ਮਰਨ ਲਈ ਦੇ ਦਿੱਤਾ। ਮਰਨ ਲਈ ਆਪਣੇ ਆਪ ਨੂੰ ਦਿੱਤੇ ਬਿਨਾਂ, ਉਹ ਸੰਪੂਰਣ ਮਨੁੱਖ ਨਹੀਂ ਹੋ ਸਕਦਾ ਸੀ। ਉਸ ਨੇ ਮਨੁੱਖ ਦੇ ਨਾਲ ਪੂਰੀ ਤਰ੍ਹਾਂ ਆਪਣੀ ਪਛਾਣ ਕਰਾ ਦਿੱਤੀ। ਉਸ ਨੇ ਸਭ ਤੋਂ ਭੈੜੀ ਮੌਤ ਸਗੋਂ ਸਲੀਬ ਦੀ ਮੌਤ ਲਈ ਆਪਣੇ ਆਪ ਨੂੰ ਦੇ ਦਿੱਤਾ। ਮੈਂ ਤਾਂ ਸੁੱਤੇ-ਸੁੱਤੇ ਹੀ ਮਰ ਜਾਣਾ ਚਾਹੁੰਦਾ ਹਾਂ। ਤੁਸੀਂ ਕਿਵੇਂ ਮਰਨਾ ਚਾਹੁੰਦੇ ਹੋ? ਇਸ ਗੱਲ ਵਿਚ, ਅਸੀਂ ਯਿਸੂ ਵਰਗੇ ਨਹੀਂ ਹਾਂ। ਉਸ ਨੇ ਤਾਂ ਤਸੀਹੇ ਝੱਲ ਕੇ, ਦਰਦਨਾਕ ਮੌਤ ਲਈ, ਖੁਸ਼ੀ ਨਾਲ, ਆਪਣੀ ਮਰਜ਼ੀ ਨਾਲ ਅਤੇ ਬਿਨਾਂ ਕਿਸੇ ਦਬਾਅ ਦੇ ਆਪਣੇ ਆਪ ਨੂੰ ਦੇ ਦਿੱਤਾ।

## ਉਹ ਪ੍ਰਮੇਸ਼ਵਰ-ਮਨੁੱਖ ਬਣਕੇ ਸਾਡੇ ਵਿਚ ਰਿਹਾ

ਯਿਸੂ ਦੇ ਸਬੰਧ ਵਿਚ ਇਕ ਹੋਰ ਸੱਚਾਈ ਜਿਸ ਤੇ ਸਾਨੂੰ ਵਿਚਾਰ ਕਰਨ ਦੀ ਲੋੜ ਹੈ ਇਹ ਹੈ ਕਿ ਉਹ ਸਾਡੇ ਵਿਚ ਪ੍ਰਮੇਸ਼ਵਰ-ਮਨੁੱਖ ਬਣ ਕੇ ਰਿਹਾ।

ਸਾਨੂੰ ਆਸ ਹੋਣੀ ਸੀ ਕਿ ਧਰਤੀ ਉੱਤੇ ਪ੍ਰਮੇਸ਼ਵਰ-ਮਨੁੱਖ ਦੀ ਜ਼ਿੰਦਗੀ ਬਹੁਤ ਹੀ ਖਾਸ ਹੋਵੇ। ਪ੍ਰਮੇਸ਼ਵਰ-ਮਨੁੱਖ ਦੂਜੇ ਸਭ ਲੋਕਾਂ ਨਾਲੋਂ ਨਿਰਾਲਾ ਹੋਣਾ ਸੀ। ਸਾਨੂੰ ਇਹ ਜਾਣ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਧਰਤੀ ਉੱਤੇ ਉਹਦਾ ਜੀਵਨ

ਕਿਸੇ ਵੀ ਹੋਰ ਇਨਸਾਨ ਨਾਲੋਂ ਬੇਹਤਰ ਵਿਖਾਉਂਦੇ ਹਨ।

ਪ੍ਰਮੇਸ਼ਵਰ ਦੇ ਮਨੁੱਖ ਬਣਨ ਲਈ, ਇਕ ਖ਼ਾਸ ਜਨਮ ਜ਼ਰੂਰੀ ਹੋਣਾ ਸੀ। ਉਹਦਾ ਜਨਮ ਇਸੇ ਤਰ੍ਹਾਂ ਹੋਇਆ: ਮੱਤੀ ਅਤੇ ਲੂਕਾ ਦੇ ਇੰਜੀਲ ਦੇ ਵਿਰਤਾਂਤਾਂ ਵਿਚ ਉਹਦੇ ਮਰੀਅਮ ਨਾਂਅ ਦੀ ਕੁਆਰੀ ਤੋਂ ਪੈਦਾ ਹੋਣ ਬਾਰੇ ਦੱਸਿਆ ਗਿਆ ਹੈ। ਉਹਦੀ ਇਕ ਦੁਨਿਆਵੀ ਮਾਂ ਤਾਂ ਹੈ ਸੀ ਪਰ ਕੋਈ ਦੁਨਿਆਵੀ ਪਿਤਾ ਨਹੀਂ ਸੀ, ਕਿਉਂਕਿ ਉਹ ਤਾਂ ਪਵਿੱਤਰ ਆਤਮਾ ਦੇ ਰਾਹੀਂ ਗਰਭ ਵਿਚ ਆਇਆ ਸੀ (ਮੱਤੀ 1:20)।

ਸਾਨੂੰ ਇਹ ਵੀ ਆਸ ਹੋਣੀ ਸੀ ਕਿ ਉਹ ਸਿੱਧ ਹੋਵੇ, ਭਾਵ ਉਹਦੀ ਜ਼ਿੰਦਗੀ ਰੂਹਾਨੀ ਸਿੱਖਿਆਵਾਂ ਦੇ ਮੁਤਾਬਕ ਹੋਵੇ ਜਿਹੜੀਆਂ ਨਾਸ਼ਵਾਨ ਮਨੁੱਖ ਦੀਆਂ ਨਾ ਹੋਣ। ਹੈਰਾਨੀ ਦੀ ਗੱਲ ਨਹੀਂ ਕਿ ਅਸੀਂ ਪੜ੍ਹਦੇ ਹਾਂ ਕਿ ਕਦੇ ਕੋਈ ਉਹਦੇ ਵਾਂਗ ਇਖ਼ਤਿਆਰ ਨਾਲ ਨਹੀਂ ਬੋਲਿਆ (ਯੂਹੰਨਾ 7:46)। ਉਹਦੇ ਨਾਲ ਮਿਲਣ ਵਾਲੇ ਅਤੇ ਉਹਦੀ ਸਿੱਖਿਆ ਸੁਣਨ ਵਾਲੇ ਲੋਕ ਉਹਦੀ ਜ਼ਿੰਦਗੀ ਅਤੇ ਉਹਦੇ ਉਪਦੇਸ਼ਾਂ ਤੋਂ ਦੰਗ ਸਨ।

ਜੇ ਉਹ ਸਰੀਰ ਵਿਚ ਪ੍ਰਮੇਸ਼ਵਰ ਸੀ, ਤਾਂ ਹੈਰਾਨ ਹੋਣ ਵਾਲੀ ਕਿਹੜੀ ਗੱਲ ਹੈ ਕਿ ਉਸ ਨੇ ਮੋਅਜਜ਼ੇ ਅਤੇ ਅਚੰਭੇ ਕੰਮ ਕਰਕੇ ਮਨੁੱਖੀ ਯੋਗਤਾ ਤੋਂ ਬਾਹਰ ਸ਼ਕਤੀ ਵਿਖਾਈ? ਸਾਨੂੰ ਦੱਸਿਆ ਗਿਆ ਹੈ ਕਿ ਉਹਨੇ ਮੋਅਜਜ਼ੇ ਲੋਕਾਂ ਦੇ ਸਾਹਮਣੇ ਕੀਤੇ ਜਿਨ੍ਹਾਂ ਦਾ ਉਹਦੇ ਵਿਰੋਧੀ ਵੀ ਇਨਕਾਰ ਨਹੀਂ ਕਰ ਸਕਦੇ ਸਨ ਕਿ ਉਹ ਕੁਦਰਤ ਦੇ ਨਿਯਮ ਤੋਂ ਉੱਪਰ ਅਤੇ ਉਲਟ ਹਨ। ਉਹਨੇ ਮੁਰਦਿਆਂ ਨੂੰ ਜ਼ਿੰਦਾ ਕੀਤਾ (ਯੂਹੰਨਾ 11:43, 44), ਅੰਨ੍ਹੇ ਸੁਜਾਖੇ ਕੀਤੇ (ਮਰਕੁਸ 8) ਅਤੇ ਕੁਝ ਕੁ ਰੋਟੀਆਂ ਅਤੇ ਮੱਛੀਆਂ ਨਾਲ ਹਜ਼ਾਰਾਂ ਲੋਕਾਂ ਨੂੰ ਰਜਾਇਆ (ਯੂਹੰਨਾ 6)। ਉਹਦੇ ਵਿਚ ਅਜਿਹੀ ਸ਼ਕਤੀ ਹੋਣ ਦੀ ਗੱਲ ਸਾਡੇ ਲਈ ਅਜੀਬ ਨਹੀਂ ਲੱਗਣੀ ਚਾਹੀਦੀ। ਆਖ਼ਰ ਉਹਨੇ ਸਭ ਕੁਝ ਬਣਾਇਆ ਅਤੇ ਉਨ੍ਹਾਂ ਨੂੰ ਬਣਾਈ ਵੀ ਰੱਖਦਾ ਹੈ।

ਭਲਾ ਸਾਨੂੰ ਇਹ ਆਸ ਨਹੀਂ ਹੋਣੀ ਸੀ ਕਿ ਉਹਦੀ ਮੌਤ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਨਿਰਾਲੀ ਹੋਵੇ? ਕਿਉਂਕਿ ਸਲੀਬ ਉੱਤੇ ਪ੍ਰਮੇਸ਼ਵਰ ਦੀ ਮੌਤ ਤਾਂ ਹਰ ਯੁੱਗ ਲਈ ਇਕ ਹੈਰਾਨ ਕਰਨ ਵਾਲੀ ਗੱਲ ਹੀ ਹੋਣੀ ਸੀ। ਇੰਜੀਲ ਦੀਆਂ ਕਿਤਾਬਾਂ ਦੱਸਦੀਆਂ ਹਨ ਕਿ ਇੰਜ ਹੀ ਹੋਇਆ ਸੀ। ਯਿਸੂ ਦੀ ਮੌਤ ਵੇਲੇ, ਅਸਮਾਨ ਹਨ੍ਹੇਰਾ ਹੋ ਗਿਆ ਧਰਤੀ ਕੰਬ ਗਈ, ਹੈਕਲ ਦਾ ਪਰਦਾ ਪਾਟ ਕੇ ਦੋ ਹੋ ਗਿਆ ਅਤੇ ਕਬਰਾਂ ਖੁੱਲ੍ਹ ਗਈਆਂ ਸਨ। ਯਿਸੂ ਦੇ ਜੀ ਉੱਠਣ ਦੇ ਬਾਅਦ ਬਹੁਤ ਸਾਰੇ ਭਗਤ ਲੋਕ ਕਬਰਾਂ ਵਿੱਚੋਂ ਜੀ ਉੱਠੇ ਸਨ ਅਤੇ ਯਰੂਸ਼ਲਮ ਵਿਚ ਜ਼ਿੰਦਾ ਵਿਖਾਈ ਦਿੱਤੇ ਸਨ (ਮੱਤੀ 27:50-53)। ਪ੍ਰਮੇਸ਼ਵਰ-ਮਨੁੱਖ ਦੀ ਮੌਤ ਵੇਲੇ ਇਕ ਖ਼ਾਸ ਘਟਨਾ ਵਾਪਰੀ ਸੀ, ਜਿਹਦੀ ਯੋਜਨਾ ਸੰਸਾਰ ਦੀ ਨੀਂਹ ਰੱਖਣ ਸਮੇਂ ਹੀ ਬਣਾਈ ਗਈ ਸੀ।

ਭਲਾ ਸਾਨੂੰ ਇਹ ਵੀ ਆਸ ਨਹੀਂ ਹੋਣੀ ਸੀ ਕਿ ਪ੍ਰਮੇਸ਼ਵਰ-ਮਨੁੱਖ ਕੋਲ ਮੌਤ ਉੱਤੇ ਕਾਬੂ ਪਾਉਣ ਦੀ ਸ਼ਕਤੀ ਹੋਵੇ? ਸੱਚਮੁੱਚ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ। ਉਹਦੀ ਜ਼ਿੰਦਗੀ ਦੀਆਂ ਸਭ ਤੋਂ ਸਪਸ਼ਟ ਸੱਚਾਈਆਂ ਵਿੱਚੋਂ ਇਕ ਇਹ ਸੱਚਾਈ ਹੈ। ਇੰਜੀਲ ਦੀਆਂ ਚਾਰੇ ਕਿਤਾਬਾਂ ਉਹਦੇ ਜੀ ਉੱਠਣ ਦਾ ਬਿਆਨ ਬੜੇ ਵਿਸਤਾਰ ਨਾਲ ਕਰਦੀਆਂ ਹਨ। ਉਸ ਨੇ ਆਪਣੇ ਆਪ ਨੂੰ ਸਾਡੇ ਪਾਪਾਂ ਲਈ ਦੇ ਦਿੱਤਾ, ਪਰ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਤਾਂ ਜੋ ਸਾਨੂੰ ਪਤਾ ਲੱਗ ਜਾਵੇ ਕਿ ਉਹ ਸੱਚਮੁੱਚ ਪ੍ਰਮੇਸ਼ਵਰ ਸੀ।

## ਸਾਰ

ਫਿਰ ਤਾਂ, ਯਿਸੂ ਦੇ ਸਬੰਧ ਵਿਚ ਤਿੰਨ ਸੱਚਾਈਆਂ ਹਨ ਜਿਹੜੀਆਂ ਸਾਨੂੰ ਕਦੇ ਨਹੀਂ

ਭੁੱਲਣੀਆਂ ਚਾਹੀਦੀਆਂ: ਉਹ ਪ੍ਰਮੇਸ਼ਵਰ ਸੀ ਅਤੇ ਹੈ, ਉਹ ਮਨੁੱਖ ਬਣਿਆ ਅਤੇ ਪ੍ਰਮੇਸ਼ਵਰ ਮਨੁੱਖ ਬਣ ਕੇ ਸਾਡੇ ਵਿਚਕਾਰ ਰਿਹਾ।

ਯਿਸੂ ਬਾਰੇ ਇਹ ਤਿੰਨ ਸੱਚਾਈਆਂ ਸਾਨੂੰ ਦੋ ਤਰ੍ਹਾਂ ਨਾਲ ਦਲੇਰੀ ਦੇ ਸਕਦੀਆਂ ਹਨ। ਪਹਿਲਾ, ਉਹ ਸਾਨੂੰ ਯਾਦ ਦੁਆਉਂਦੀਆਂ ਹਨ ਕਿ ਸਾਡਾ ਮੁਕਤੀਦਾਤਾ ਲਚਾਰ ਮਨੁੱਖ ਨਹੀਂ, ਸਗੋਂ ਪ੍ਰਮੇਸ਼ਵਰ ਹੈ ਜੋ ਸਰਵ ਸ਼ਕਤੀਮਾਨ, ਅਨਾਦੀ, ਸਿਰਜਣਹਾਰਾ ਅਤੇ ਜੀਵਨ ਦਾਤਾ ਪ੍ਰਮੇਸ਼ਵਰ ਹੈ।

ਦੂਜਾ, ਅਸੀਂ ਯਿਸੂ ਦੇ ਜਨਮ ਤੋਂ ਪਹਿਲਾਂ ਦੀ ਹੋਂਦ ਵਿਚ ਮਨੁੱਖ ਜਾਤੀ ਲਈ ਉਹਦੇ ਪ੍ਰੇਮ ਦੀ ਸੱਚਾਈ ਨੂੰ ਵੇਖਦੇ ਹਾਂ। ਸੰਸਾਰ ਵਿਚ ਉਹਦਾ ਆਉਣਾ ਅਤੇ ਸਾਡੇ ਪਾਪਾਂ ਦੀ ਖ਼ਾਤਰ ਉਹਦਾ ਮਾਰਿਆ ਜਾਣਾ ਹੀ ਸਾਡੀ ਮੁਕਤੀ ਦੀ ਇੱਕੋ ਇਕ ਆਸ ਹੈ। ਯਿਸੂ ਇੱਥੇ ਆਣ ਕੇ ਸਾਨੂੰ ਉਹ ਆਸ ਦੇਣਾ ਚਾਹੁੰਦਾ ਸੀ। ਉਸ ਨੇ ਆਪਣੇ ਆਪ ਨੂੰ ਸਾਡੀ ਮੁਕਤੀ ਲਈ ਦੇ ਦਿੱਤਾ, ਪਰ ਕੀ ਸੰਸਾਰ ਦੇ ਲੋਕ ਉਸ ਮੁਕਤੀ ਦੇ ਸੰਦੇਸ਼ ਨੂੰ ਕਬੂਲ ਕਰਕੇ ਬਚਾਏ ਜਾਣਗੇ? ਕੀ ਯਿਸੂ ਨੇ ਸਿਰਫ਼ ਐਨੇ ਕੁ ਜਵਾਬ ਲਈ ਸਭ ਕੁਝ ਤਿਆਗਿਆ ਸੀ? ਯਿਸੂ ਸਾਡੇ ਲਈ ਇਹ ਜੋਖਮ ਲੈਣ ਲਈ ਤਿਆਰ ਸੀ। ਉਹ ਸਾਡਾ ਮੁਕਤੀਦਾਤਾ ਬਣਿਆ। ਸਾਨੂੰ ਕੋਈ ਹੋਰ ਬਚਾ ਨਹੀਂ ਸੀ ਸਕਦਾ ਹੈ। ਜੇ ਉਹ ਨਾ ਆਉਂਦਾ, ਤਾਂ ਸਾਨੂੰ ਕੋਈ ਆਸ ਨਹੀਂ ਹੋਣੀ ਸੀ।

ਤੁਸੀਂ ਕੀੜੀ ਬਣਨ ਦੀ ਕਲਪਨਾ ਕਰ ਸਕਦੇ ਹੋ? ਕੀੜੀ ਬਣਨ ਲਈ ਤੁਹਾਨੂੰ ਮਨੁੱਖੀ ਹੋਂਦ ਜਿਵੇਂ ਮਨੁੱਖੀ ਦੇਹ, ਤਾਕਤ ਅਤੇ ਆਪਣੇ ਗੁਣ ਇਕ ਪਾਸੇ ਰੱਖਣੇ ਪੈਣਗੇ। ਤੁਹਾਨੂੰ ਕੀੜੀ ਦੀਆਂ ਹੱਦਾਂ ਵਿਚ ਰਹਿਣਾ ਹੋਵੇਗਾ। ਯਿਸੂ ਕੀੜੀ ਤਾਂ ਨਹੀਂ ਬਣਿਆ ਪਰ ਸਵਰਗ ਤੋਂ ਭਾਵ ਐਨੀ ਉੱਚੀ ਥਾਂ ਤੋਂ ਫ਼ਲਸਤੀਨ ਵਿਚ ਇਕ ਮਨੁੱਖ ਬਣਨ ਲਈ ਹੇਠਾਂ ਆਉਣਾ ਆਦਮੀ ਦੇ ਕੀੜੀ ਬਣਨ ਨਾਲੋਂ ਵੀ ਕਿਤੇ ਵੱਧ ਦੀਨ ਬਣਨ ਵਾਲਾ ਕੰਮ ਸੀ। ਹਾਂ ਯਿਸੂ ਮਨੁੱਖ ਬਣਿਆ ਤਾਂ ਜੋ ਅਸੀਂ ਪ੍ਰਮੇਸ਼ਵਰ ਦੀ ਸੰਤਾਨ ਬਣ ਸਕੀਏ।[5]

ਆਓ ਉਸ ਸਭ ਦੇ ਲਈ ਜੋ ਕੁਝ ਯਿਸੂ ਨੇ ਸਾਡੇ ਲਈ ਕੀਤਾ, ਅਨੰਦ ਕਰੀਏ ਅਤੇ ਹੁਣੇ ਹੀ ਇਹ ਫ਼ੈਸਲਾ ਕਰ ਲਈਏ। ਕੀ ਅਸੀਂ ਉਹਦੀ ਗੱਲ ਮੰਨ ਕੇ ਉਹਦੇ ਪਿੱਛੇ ਚੱਲਾਂਗੇ?

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ ਤੋਂ ਕੀ ਜ਼ਾਹਿਰ ਹੁੰਦਾ ਹੈ?
2. ਭਲਾ ਯਿਸੂ ਦਾ ਜਨਮ ਉਹਦੀ ਹੋਂਦ ਦੀ ਸ਼ੁਰੂਆਤ ਸੀ?
3. ਯੂਹੰਨਾ 1:1-5 ਵਿਚ ਮਿਲਣ ਵਾਲੇ ਚਾਰ ਵੱਡੇ ਸੱਚ ਕਿਹੜੇ ਹਨ?
4. ਸਾਡੇ ਵਰਗਾ ਬਣਨ ਲਈ ਯਿਸੂ ਨੂੰ ਹੇਠਾਂ ਆਉਣ ਲਈ ਕਿਹੜੇ ਚਾਰ ਕੰਮ ਕਰਨੇ ਪਏ?
5. ਮਸੀਹੀਅਤ ਦੀ ਕਿਹੜੀ ਮੁੱਖ ਸੱਚਾਈ ਹੈ ਜਿਹਨੂੰ ਮੰਨ ਲੈਣ ਤੇ ਤੁਸੀਂ ਦੂਜੀ ਹਰ ਸੱਚਾਈ ਤੇ ਯਕੀਨ ਕਰ ਸਕਦੇ ਹੋ?
6. ਯਿਸੂ ਦਾ ਜਨਮ ਖ਼ਾਸ ਕਿਵੇਂ ਸੀ?
7. ਯਿਸੂ ਬਾਰੇ ਕਿਹੜੀਆਂ ਤਿੰਨ ਸੱਚਾਈਆਂ ਹਨ ਜੋ ਸਾਨੂੰ ਕਦੇ ਨਹੀਂ ਭੁੱਲਣੀਆਂ ਚਾਹੀਦੀਆਂ?
8. ਯਿਸੂ ਦਾ ਮਨੁੱਖ ਬਣਨਾ ਮਨੁੱਖ ਦੇ ਕੀੜੀ ਬਣਨ ਲਈ ਨੀਵਾਂ ਹੋਣ ਨਾਲੋਂ ਕਿਤੇ ਵੱਧ ਹੈ। ਕਿਵੇਂ?

# ਸ਼ਬਦਾਂ ਦੇ ਅਰਥ

**ਦੇਹਧਾਰੀ ਹੋਣਾ**-ਪ੍ਰਮੇਸ਼ਵਰ ਦੇ ਪੁੱਤਰ ਦਾ ਮਨੁੱਖੀ ਦੇਹ ਵਿਚ ਪ੍ਰਗਟ ਹੋਣਾ; ਮਨੁੱਖ ਬਣਕੇ ਰਹਿਣ ਲਈ ਯਿਸੂ ਦਾ ਧਰਤੀ ਤੇ ਆਉਣਾ।

**ਵਾਸ ਕਰਨਾ**-ਵਿਚ ਰਹਿਣਾ, ਪਵਿੱਤਰ ਆਤਮਾ ਦੇ ਮਸੀਹੀ ਲੋਕਾਂ ਵਿਚ ਭਾਵ ਉਨ੍ਹਾਂ ਦੀ ਜ਼ਿੰਦਗੀ ਵਿਚ ਰਹਿਣ ਵਾਂਗ ਹੈ (1 ਕੁਰਿੰਥੀਆਂ 6: 19, 20)।

**ਪੂਰਵ ਹੋਂਦ**-ਸੰਸਾਰ ਦੇ ਬਣਨ ਤੋਂ ਪਹਿਲਾਂ ਹੋਂਦ ਵਿਚ ਹੋਣਾ। ਇਹ ਹੋਂਦ ਸਿਰਫ਼ ਖ਼ੁਦਾਈ (ਪ੍ਰਮੇਸ਼ਵਰ ਪਿਤਾ, ਪ੍ਰਮੇਸ਼ਵਰ ਪੁੱਤਰ ਅਤੇ ਪ੍ਰਮੇਸ਼ਵਰ ਆਤਮਾ) ਦੀ ਹੀ ਕਹੀ ਜਾ ਸਕਦੀ ਹੈ। ਮਨੁੱਖ ਬਣਨ ਤੋਂ ਪਹਿਲਾਂ ਯਿਸੂ ਹੈ ਸੀ। ਉਹ ਅਨਾਦੀ ਹੈ ਜੋ ਸਦਾ ਤੋਂ ਸੀ, ਹੈ ਅਤੇ ਸਦਾ ਤਕ ਰਹੇਗਾ (ਵੇਖੋ ਯੂਹੰਨਾ 1: 1-11)।

---

ਟਿੱਪਣੀਆਂ

[1]ਯੂਹੰਨਾ ਇੰਜੀਲ ਦੇ ਆਪਣੇ ਵਿਰਤਾਂਤ ਦੀ ਸ਼ੁਰੂਆਤ ਇਤਿਹਾਸ ਤੋਂ ਪਹਿਲਾਂ ਤੋਂ ਕਰਦਾ ਹੈ। ਉਹ ਅਨਾਦੀ ਕਾਲ ਵਿਚ ਪ੍ਰਮੇਸ਼ਵਰ ਨਾਲ ਆਰੰਭ ਕਰਦਾ ਹੈ। [2]''ਸਿਕੰਦਰੀਆ ਦੇ ਫ਼ਿਲੋ ਨੂੰ *ਲੋਗੋਸ* ਬਾਰੇ ਬਹੁਤ ਕੁਝ ਕਹਿਣਾ ਹੈ ਜੋ ਕਿ ਉਹਦੀ ਸਿੱਖਿਆ ਵਿਚ ਪ੍ਰਮੇਸ਼ਵਰ ਅਤੇ ਮਨੁੱਖਾਂ ਵਿਚਕਾਰ ਵਿਚੋਲਾ ਸੀ, ਪਰ ਉਹਨੇ *ਲੋਗੋਸ* ਦੇ ਦੇਹ ਬਣਨ ਦੀ ਸੰਭਾਵਨਾ ਤੋਂ ਇਨਕਾਰ ਕੀਤਾ। ਜਦ ਯੂਹੰਨਾ ਕਹਿੰਦਾ ਹੈ ਕਿ *ਲੋਗੋਸ* ਦੇਹ ਬਣਿਆ ਤਾਂ ਸਾਫ਼ ਹੈ ਕਿ ਉਹ ਫ਼ਿਲੋ ਤੋਂ ਫ਼ਰਕ *ਲੋਗੋਸ* ਨੂੰ ਪੇਸ਼ ਕਰ ਰਿਹਾ ਸੀ। ਆਪਣੇ (*ਗਿਆਨ*) ਨਾਲ, ਫ਼ਿਲੋ *ਲੋਗੋਸ ਨੂੰ* ਮਨੁੱਖਾਂ ਦੇ ਦਰਮਿਆਨ ਰਹਿਣ ਦੀ ਯੋਗ ਨਹੀਂ ਵਿਖਾ ਸਕਿਆ, ਜੋ ਮਨੁੱਖ ਤੋਂ ਕੰਮ ਕਰਵਾ ਸਕੇ ਅਤੇ ਉਨ੍ਹਾਂ ਨੂੰ ਪ੍ਰਮੇਸ਼ਵਰ ਦੇ ਪੁੱਤਰ ਹੋਣ ਦੀ ਸ਼ਕਤੀ ਦੇ ਸਕੇ। ਸਮਕਾਲੀ ਯੂਨਾਨੀ ਜਗਤ ਵਿਚ ਇਹ ਇਕ ਨਵੀਂ ਗੱਲ ਸੀ।'' (ਡੌਨਲਡ ਗੁਥਰੀ, ਏ ਸ਼ਾਰਟਰ ਲਾਈਫ਼ ਆਫ਼ ਕ੍ਰਾਈਸਟ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 1970], 73)। [3]''ਪ੍ਰਮੇਸ਼ਵਰ ਦਾ ਮਨੁੱਖ ਦੇ ਅੰਦਰ ਰਹਿਣਾ ਨਹੀਂ। ਇੰਜ ਤਾਂ ਬਹੁਤ ਸਾਰੇ ਹੋਣਗੇ। ਮਨੁੱਖ ਦਾ ਦੇਵਤਾ ਬਣਨਾ ਵੀ ਨਹੀਂ। ਅਜਿਹਾ ਤਾਂ ਸਿਰਫ਼ ਮੂਰਤੀਪੂਜਕ ਵਿਚਾਰਧਾਰਾ ਵਿਚ ਹੀ ਮਿਲਦਾ ਹੈ; ਪਰ ਪ੍ਰਮੇਸ਼ਵਰ ਅਤੇ ਮਨੁੱਖ ਦੋ ਸੁਭਾਵਾਂ ਦਾ ਇਕ ਸ਼ਖਸੀਅਤ ਵਿਚ ਮਿਲਣਾ ਅਣਬੁੱਝੀ ਪਹੇਲੀ ਹੈ, ਜੋ ਸਪੱਸ਼ਟੀਕਰਣ ਦੀ ਸੰਭਾਵਨਾ ਨੂੰ ਨਕਾਰ ਦਿੰਦਾ ਹੈ'' (ਜੀ. ਕੈਂਪਬੈੱਲ, *ਦ ਕ੍ਰਾਈਸਸ ਆਫ਼ ਦਾ ਕ੍ਰਾਈਸਟ* [ਓਲਡ ਟੈਪਨ, ਨਿਊ ਜਰਸੀ: ਫ਼ਲੇਮਿੰਗ ਐਚ. ਰੇਵਲ ਕੰ., 1936], 79)। [4]ਜੇ. ਆਈ. ਪੈਕਰ, *ਨੋਇੰਗ ਗਾਡ* (ਡਾਊਨਰਸ ਗ੍ਰੋਵ, ਇਲਿਨੋਇਸ: ਇੰਟਰਵਰਸਟੀ ਪ੍ਰੈਸ, 1973), 46. [5]''ਅਨਾਦੀ ਜੀਵ ਜੋ ਸਭ ਕੁਝ ਜਾਣਦਾ ਹੈ ਅਤੇ ਜਿਸ ਨੇ ਸਭ ਕੁਝ ਸਿਰਜਿਆ ਉਹ ਮਨੁੱਖ ਹੀ ਨਹੀਂ ਸਗੋਂ (ਉਸ ਤੋਂ ਪਹਿਲਾਂ) ਇਕ ਬੱਚਾ ਬਣਿਆ, ਅਤੇ ਉਸ ਤੋਂ ਵੀ ਪਹਿਲਾਂ ਇਕ ਔਰਤ ਦੇ ਸਰੀਰ ਵਿਚ [ਭਰੂਣ] ਬਣਿਆ। ਜੇ ਤੁਸੀਂ ਇਸ ਦੀ ਢਾਲ ਚਾਹੁੰਦੇ ਹੋ, ਤਾਂ ਵਿਚਾਰ ਕਰੋ ਕਿ ਤੁਸੀਂ ਖੋਲ ਰਹਿਤ ਘੋਗਾ ਜਾਂ ਕੇਕੜਾ ਬਣਨਾ ਪਸੰਦ ਕਰੋਗੇ'' (ਸੀ. ਐਸ. ਲੂਈਸ, *ਮਿਅਰ ਕ੍ਰਿਸ਼ਚਿਐਨਿਟੀ,* ਸੰਸ਼ੋਧਿਤ ਸੰਸਕਰਣ [ਨਿਊਯਾਰਕ: ਮੈਕਮਿਲਨ ਪਬਲਿਸ਼ਿੰਗ ਕੰ., 1952], 155)।